BC Epilepsy Society

## ਆਪਣੇ ਮਿਰਗੀ ਵਾਲੇ ਰਿਸ਼ਤੇਦਾਰ ਲਈ ਜਾਇਦਾਦ ਦੀ ਪਲੈਨਿੰਗ (Estate Planning for Your Relative with Epilepsy)

ਜਦੋਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਕਿਸੇ ਵੱਡੀ ਡਿਸਏਬਿਲਟੀ (ਅਪਾਹਜਤਾ) ਵਾਲਾ ਹੁੰਦਾ ਹੈ ਤਾਂ ਜਾਇਦਾਦ ਦੀ ਪਲੈਨਿੰਗ ਕਰਨਾ ਕਾਫੀ ਔਖਾ ਕੰਮ ਹੋ ਸਕਦਾ ਹੈ। ਭਾਵੇਂ ਕਿ ਆਮ ਵਿਚਾਰਾਂ ਹੁੰਦੀਆਂ ਹਨ ਜਿਹੜੀਆਂ ਤੁਸੀਂ ਪਰਿਵਾਰ ਦੇ ਕਿਸੇ ਵੀ ਮੈਂਬਰ ਲਈ ਕਰਦੇ ਹੋ ਪਰ ਡਿਸਏਬਿਲਟੀ ਹੋਰ ਵਾਧੂ ਪੱਖ ਪੈਦਾ ਕਰਦੀ ਹੈ ਜਿਨ੍ਹਾਂ ਦਾ ਹੱਲ ਕਰਨ ਦੀ ਲੋੜ ਹੁੰਦੀ ਹੈ।

### ਤੁਹਾਡੀ ਜਾਇਦਾਦ – ਟਰੱਸਟ ਬਣਾਉਣਾ

ਪਲੈਨ ਕਰਨ ਵੇਲੇ, ਇਹ ਪੱਕਾ ਕਰਨਾ ਮੁੱਖ ਚੀਜ਼ ਹੈ ਕਿ ਜਦੋਂ ਤੁਸੀਂ ਇਸ ਦੁਨੀਆਂ ਤੋਂ ਰੁਖਸਤ ਹੋ ਜਾਵੋਗੇ ਤਾਂ ਤੁਹਾਡੀ ਜਾਇਦਾਦ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਡਿਸਏਬਿਲਟੀ ਸਹਾਇਤਾ ਲੈਣ ਦੀ ਹੱਕਦਾਰੀ (ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਸੂਬਾਈ ਸਰਕਾਰ ਦੀ ਪੈਨਸ਼ਨ) ’ਤੇ ਉਲਟ ਅਸਰ ਨਹੀਂ ਪਾਵੇਗੀ। ਜੇ ਤੁਸੀਂ ਆਪਣੀ ਵਸੀਅਤ ਸਹੀ ਤਰ੍ਹਾਂ ਤਿਆਰ ਨਹੀਂ ਕਰੋਗੇ ਤਾਂ ਤੁਹਾਡੇ ਪਰਿਵਾਰ ਦਾ ਮੈਂਬਰ ਆਪਣੀ ਸਰਕਾਰੀ ਸਹਾਇਤਾ ਗਵਾ ਸਕਦਾ ਹੈ।

ਵੱਡੀਆਂ ਡਿਸਏਬਿਲਟੀਜ਼ ਵਾਲੇ ਲੋਕਾਂ ਲਈ (ਜਿਹੜੇ ਇਸ ਕਰਕੇ ਕੰਮ ਨਹੀਂ ਕਰ ਸਕਦੇ), ਜਿਹੜੇ ਗੁਜ਼ਾਰਾ ਕਰਨ ਲਈ ਡਿਸਏਬਿਲਟੀ ਮਦਦ ’ਤੇ ਨਿਰਭਰ ਕਰਦੇ ਹਨ, ਉਨ੍ਹਾਂ ਲਈ ਵਸੀਅਤ ਨਾਲ ਥੋੜ੍ਹੀ ਜਿਹੀ ਜਾਇਦਾਦ ਮਿਲਣ ਦਾ ਮਤਲਬ ਵੀ ਪੈਨਸ਼ਨ ਦਾ ਨੁਕਸਾਨ ਹੋ ਸਕਦਾ ਹੈ। ਇਸ ਨਾਲ ਅਕਸਰ ਸੰਤਾਪ ਪੈਦਾ ਹੁੰਦਾ ਹੈ ਅਤੇ ਜ਼ਿਆਦਾ ਗਰੀਬੀ ਪੈਦਾ ਹੁੰਦੀ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਡਿਸਏਬਿਲਟੀ ਮਦਦ ਸਾਧਨਾਂ ਨਾਲ ਜੁੜੀ ਹੋਈ ਹੈ, ਜਿਸ ਨਾਲ ਇਸ ਲਈ ਯੋਗ ਹੋਣਾ ਇਸ ਚੀਜ਼ ’ਤੇ ਨਿਰਭਰ ਹੋ ਜਾਂਦਾ ਹੈ ਕਿ ਲੈਣ ਵਾਲੇ ਕੋਲ ਬਹੁਤ ਘੱਟ ਜਾਇਦਾਦ ਹੋਵੇ।

ਬੀ ਸੀ ਵਿਚ, ਜੇ ਡਿਸਏਬਿਲਟੀ ਮਦਦ ਲੈਣ ਵਾਲੇ ਵਿਅਕਤੀ ਕੋਲ 3000 ਡਾਲਰ ਨਾਲੋਂ ਜ਼ਿਆਦਾ ਦੀ ਜਾਇਦਾਦ ਹੋਵੇ ਤਾਂ ਉਹ ਡਿਸਏਬਿਲਟੀ ਮਦਦ ਲਈ ਅਯੋਗ ਹੋ ਜਾਂਦਾ ਹੈ (ਇਸ ਵਿਚ ਥੋੜ੍ਹੀਆਂ ਜਿਹੀਆਂ ਛੋਟਾਂ ਹਨ, ਜਿਵੇਂ ਕਿ ਕਾਰ ਅਤੇ ਰਿਹਾਇਸ਼ੀ ਘਰ, ਅਤੇ ਜੇ ਮਦਦ ਲੈਣ ਵਾਲੇ ’ਤੇ ਨਿਰਭਰ ਲੋਕ ਹਨ ਤਾਂ 5000 ਡਾਲਰ ਦੀ ਜਾਇਦਾਦ)। ਪਰ, ਜੇ ਫੰਡ ਟਰੱਸਟ ਵਿਚ ਰੱਖੇ ਹੋਏ ਹਨ ਤਾਂ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਕੈਨੇਡੀਅਨ ਅਤੇ ਬੀ ਸੀ ਦਾ ਇਮਪਲੌਏਮੈਂਟ ਐਂਡ ਅਸਿਸਟੈਂਟ ਐਕਟ ਦੋਨੋਂ ਇਨ੍ਹਾਂ ਨਿਯਮਾਂ ਵਿਚ ਛੋਟਾਂ ਪ੍ਰਦਾਨ ਕਰਦੇ ਹਨ।

ਟਰੱਸਟ ਇਕ ਅਜਿਹਾ ਪ੍ਰਬੰਧ ਹੈ ਜਿੱਥੇ ਕੋਈ ਵਿਅਕਤੀ (ਟਰੱਸਟੀ) ਸਿਰਫ ਕਿਸੇ ਹੋਰ (ਬੈਨੇਫਿਸ਼ਰੀ) ਦੀ ਵਰਤੋਂ ਲਈ ਜਾਂ ਫਾਇਦੇ ਲਈ ਪੈਸੇ ਸਾਂਭਦਾ ਹੈ। ਕੈਨੇਡਾ ਵਿਚ ਅਦਾਲਤਾਂ ਨੇ ਇਹ ਫੈਸਲਾ ਕੀਤਾ ਹੈ ਕਿ ਡਿਸਏਬਿਲਟੀ ਵਾਲੇ ਕਿਸੇ ਵਿਅਕਤੀ ਲਈ ਟਰੱਸਟ ਵਿਚ ਰੱਖੇ ਗਏ ਪੈਸੇ (ਜਿਸ ਨੂੰ ਹੈਨਸਨ ਟਰੱਸਟ ਜਾਂ ਸਪੈਸ਼ਲ ਨੀਡਜ਼ ਟਰੱਸਟ ਵੀ ਆਖਿਆ ਜਾਂਦਾ ਹੈ), ਉਸ ਵਿਅਕਤੀ ਦੀ ਆਪਣੀ ਮਦਦ (ਅਸਿਸਟੈਂਸ) ਲੈਣ ਦੀ ਯੋਗਤਾ ’ਤੇ ਅਸਰ ਨਹੀਂ ਪਾਉਂਦੇ।

ਬ੍ਰਿਟਿਸ਼ ਕੋਲੰਬੀਆ ਵਿਚ, ਜੇ ਟਰੱਸਟ ਦੇ ਪੈਸੇ ਡਿਸਏਬਿਲਟੀ ਨਾਲ ਸੰਬੰਧਿਤ ਖਰਚੇ ਕਵਰ ਕਰਨ ਲਈ ਵਰਤੇ ਜਾਂਦੇ ਹਨ ਤਾਂ ਉਨ੍ਹਾਂ ਦਾ ਲਾਭ ਪਾਤਰ (ਬੈਨੇਫਿਸ਼ਰੀ) ਨੂੰ ਲਗਾਤਾਰ ਮਿਲਦੀ ਡਿਸਏਬਿਲਟੀ ਮਦਦ ’ਤੇ ਅਸਰ ਨਹੀਂ ਪੈਂਦਾ। ਪਰ, ਇਹ ਗੱਲ ਮਨ ਵਿਚ ਰੱਖਣਾ ਜ਼ਰੂਰੀ ਹੈ ਕਿ ਤੁਹਾਡੇ ਪਰਿਵਾਰ ਦੇ ਮੈਂਬਰ ਟਰੱਸਟ ਵਿੱਚੋਂ ਪੈਸੇ ਨਹੀਂ ਲੈ ਸਕਦੇ।

ਬਹੁਤ ਸਾਰੇ ਲੋਕ, ਜਿਨ੍ਹਾਂ ਵਿਚ ਵਕੀਲ ਵੀ ਸ਼ਾਮਲ ਹਨ, ਇਹ ਮਿੱਥ ਲੈਣ ਦੀ ਗਲਤੀ ਕਰਦੇ ਹਨ ਕਿ ਡਿਸਏਬਿਲਟੀ ਮਦਦ ਲੈ ਰਿਹਾ ਵਿਅਕਤੀ ਕਿਉਂਕਿ ਹਰ ਮਹੀਨੇ 500 ਡਾਲਰ ਤੱਕ ਕਮਾ ਸਕਦਾ ਹੈ, ਇਸ ਕਰਕੇ ਟਰੱਸਟ ਵੀ ਉਸ ਨੂੰ ਹਰ ਮਹੀਨੇ 500 ਡਾਲਰ ਨਗਦ ਦੇ ਸਕਦਾ ਹੈ। ਸਚਾਈ ਇਹ ਹੈ ਕਿ ਟਰੱਸਟ ਤੋਂ ਲਏ ਗਏ ਕਿਸੇ ਵੀ ਪੈਸੇ ਨੂੰ “ਅਣਕਮਾਈ ਆਮਦਨ” ਸਮਝਿਆ ਜਾਂਦਾ ਹੈ ਅਤੇ ਇਹ ਲਾਭ ਪਾਤਰ ਦੀ ਮਹੀਨਾਵਾਰ ਡਿਸਏਬਿਲਟੀ ਮਦਦ ਦੀ ਚੈੱਕ ਵਿੱਚੋਂ ਡਾਲਰ-ਪਿੱਛੇ-ਡਾਲਰ ਕੱਟੀ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਸੂਬਾਈ ਡਿਸਏਬਿਲਟੀ ਮਦਦ ਲੈ ਰਹੇ ਵਿਅਕਤੀ ਨੂੰ ਟਰੱਸਟ ਵਿੱਚੋਂ ਪੈਸੇ ਦੇਣ ਨਾਲ ਉਸ ਨੂੰ ਕੋਈ ਵੀ ਫਾਇਦਾ ਨਹੀਂ ਹੁੰਦਾ।

ਨਤੀਜੇ ਵਜੋਂ, ਡਿਸਏਬਿਲਟੀ ਮਦਦ ਲੈ ਰਹੇ ਵਿਅਕਤੀ ਨੂੰ ਵਿਰਾਸਤ ਦੇਣ ਵੇਲੇ, ਆਪਣੀ ਵਸੀਅਤ ਨੂੰ ਇਸ ਤਰ੍ਹਾਂ ਬਣਾਉਣਾ ਜ਼ਰੂਰੀ ਹੈ ਕਿ ਉਸ ਦਾ ਹਿੱਸਾ ਟਰੱਸਟ ਵਿਚ ਜਾਵੇ। ਜੇ ਵਸੀਅਤ ਬਣਾਉਣ ਵਾਲਾ ਵਿਅਕਤੀ ਆਪਣੇ ਡਿਸਏਬਲ ਲਾਭ ਪਾਤਰ ਦਾ ਹਿੱਸਾ ਟਰੱਸਟ ਵਿਚ ਰੱਖਣਾ ਭੁੱਲ

ਜਾਵੇ ਤਾਂ ਇਸ ਸਮੱਸਿਆ ਦਾ ਹੱਲ ਕਰਨ ਲਈ ਭਾਵੇਂ ਕਿ ਤਰੀਕੇ ਮੌਜੂਦ ਹੋ ਸਕਦੇ ਹਨ, ਪਰ ਇਹ ਡਿਸਏਬਲ ਲਾਭ ਪਾਤਰ ਲਈ ਮਹਿੰਗੇ ਅਤੇ ਤਣਾਅ ਵਾਲੇ ਹੋ ਸਕਦੇ ਹਨ।

**ਆਪਣੇ ਟਰੱਸਟੀ ਦੀ ਚੋਣ ਕਰਨਾ**

ਕੀ ਟਰੱਸਟ ਉਸ ਤਰੀਕੇ ਨਾਲ ਕੰਮ ਕਰਦਾ ਹੈ ਜਾਂ ਨਹੀਂ ਜਿਸ ਤਰੀਕੇ ਨਾਲ ਤੁਸੀਂ ਚਾਹੁੰਦੇ ਹੋ, ਤੁਹਾਡੇ ਟਰੱਸਟੀ ਦੀ ਚੋਣ ਇਸ ਮਾਮਲੇ ਵਿਚ ਮਹੱਤਵਪੂਰਨ ਹੋ ਸਕਦੀ ਹੈ। ਟਰੱਸਟੀ ਚੁਣਨ ਵੇਲੇ ਮਨ ਵਿਚ ਰੱਖਣ ਵਾਲੀਆਂ ਕਈ ਮਹੱਤਵਪੂਰਨ ਚੀਜ਼ਾਂ ਹਨ। ਸਭ ਤੋਂ ਪਹਿਲੀ ਤਾਂ ਇਹ ਹੈ ਕਿ ਟਰੱਸਟੀ ਚੁਣੇ ਜਾਣ ਵਾਲੇ ਵਿਅਕਤੀ ਨੂੰ ਇਸ ਕਰਕੇ ਟਰੱਸਟੀ ਵਜੋਂ ਕੰਮ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਤੁਸੀਂ ਉਸ ਦਾ ਨਾਂ ਆਪਣੀ ਵਸੀਅਤ ਵਿਚ ਲਿਖਿਆ ਹੈ। ਇਹ ਪੱਕਾ ਕਰਨਾ ਸਿਆਣੀ ਗੱਲ ਹੈ ਕਿ ਕੀ ਉਹ ਟਰੱਸਟੀ ਵਜੋਂ ਕੰਮ ਕਰਨ ਦਾ ਖਾਹਸ਼ਮੰਦ ਹੈ।

ਦੂਜੀ, ਕਿਸੇ ਅਜਿਹੇ ਵਿਅਕਤੀ ਨੂੰ ਨਿਯੁਕਤ ਕਰਨਾ ਵਧੀਆ ਹੈ ਜਿਹੜਾ ਈਮਾਨਦਾਰ ਹੈ। ਜੇ ਮੌਜੂਦਾ ਜਾਂ ਭਵਿੱਖ ਦੇ ਕਈ ਲਾਭ ਪਾਤਰ ਹੋਣ, ਜਿਸ ਵਿਚ ਟਰੱਸਟੀ ਵੀ ਸ਼ਾਮਲ ਹੈ ਤਾਂ ਨਿਯੁਕਤ ਕੀਤਾ ਗਿਆ ਵਿਅਕਤੀ ਆਪਣੇ ਹਿੱਤਾਂ ਨੂੰ ਦੂਜੇ ਲਾਭ ਪਾਤਰਾਂ ਦੇ ਹਿੱਤਾਂ ਤੋਂ ਅੱਗੇ ਨਹੀਂ ਰੱਖ ਸਕਦਾ।

ਤੀਜੀ, ਅਜਿਹੇ ਟਰੱਸਟੀ ਦੀ ਚੋਣ ਕਰਨਾ ਮਹੱਤਵਪੂਰਨ ਹੈ ਜਿਹੜਾ ਤੁਹਾਡੇ ਪਰਿਵਾਰ ਨੂੰ ਸਮਝਦਾ ਹੈ, ਜਾਂ ਸਮਝਣ ਦਾ ਖਾਹਸ਼ਮੰਦ ਹੈ। ਜੇ ਟਰੱਸਟੀ ਤੁਹਾਡੇ ਪਰਿਵਾਰ ਦੇ ਮੈਂਬਰ ਦੀਆਂ ਲੋੜਾਂ ਨੂੰ ਨਹੀਂ ਜਾਣਦਾ ਜਾਂ ਨਹੀਂ ਸਮਝਦਾ ਤਾਂ ਉਸ ਲਈ ਅਜਿਹੇ ਫੈਸਲੇ ਕਰਨਾ ਔਖਾ ਹੋਵੇਗਾ ਜਿਨ੍ਹਾਂ ਦੇ ਚੰਗੇ ਨਤੀਜੇ ਨਿਕਲਣ। ਚੰਗੀ ਤਰ੍ਹਾਂ ਸੋਚ ਵਿਚਾਰ ਕਰਨ ਤੋਂ ਬਿਨਾਂ ਕਿਸੇ ਨੂੰ ਟਰੱਸਟੀ ਨਿਯੁਕਤ ਕਰਨ ਨਾਲ, ਟਰੱਸਟ ਸ਼ਾਇਦ ਉਸ ਤਰੀਕੇ ਨਾਲ ਨਾ ਵੰਡਿਆ ਜਾਵੇ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਸੀ।

**ਆਪਣੇ ਬੱਚੇ ਲਈ ਫੈਸਲੇ ਕਰਨਾ**

ਆਪਣੀ ਜਾਇਦਾਦ ਦੀ ਪਲੈਨਿੰਗ ਤੋਂ ਇਲਾਵਾ, ਵਿਚਾਰਨ ਵਾਲੀ ਇਕ ਹੋਰ ਜ਼ਰੂਰੀ ਗੱਲ ਇਹ ਹੈ ਕਿ ਜਦੋਂ ਉਹ ਕਾਨੂੰਨੀ ਤੌਰ ’ਤੇ ਬਾਲਗ ਹੋ ਗਿਆ ਤਾਂ ਆਪਣੇ ਬੱਚੇ ਦੀ ਫੈਸਲੇ ਕਰਨ ਵਿਚ ਮਦਦ ਬਾਰੇ ਕੀ ਕਰਨਾ ਹੈ। ਜਦੋਂ ਤੁਹਾਡਾ ਬੱਚਾ 19 ਸਾਲ ਤੋਂ ਘੱਟ ਉਮਰ ਦਾ ਹੁੰਦਾ ਹੈ, ਉਸ ਦੇ ਕਾਨੂੰਨੀ ਗਾਰਡੀਅਨ ਵਜੋਂ, ਉਸ ਦੀ ਤਰਫੋਂ ਫੈਸਲੇ ਕਰਨ ਦਾ ਤੁਹਾਨੂੰ ਹੱਕ ਹੈ ਅਤੇ ਤੁਹਾਡੀ ਜ਼ਿੰਮੇਵਾਰੀ ਹੈ। ਚੁਣੌਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਤੁਹਾਡਾ ਬੱਚਾ 19 ਸਾਲ ਦਾ ਹੋ ਜਾਂਦਾ ਹੈ ਕਿਉਂਕਿ ਹੁਣ ਤੁਹਾਡੇ ਕੋਲ ਕਾਨੂੰਨੀ ਤੌਰ ’ਤੇ ਉਹਦੇ ਲਈ ਫੈਸਲੇ ਕਰਨ ਦਾ ਹੱਕ ਨਹੀਂ ਹੈ।

ਬ੍ਰਿਟਿਸ਼ ਕੋਲੰਬੀਆ ਵਿਚ, ਘੱਟ ਦਿਮਾਗੀ ਸਮਰੱਥਾ ਵਾਲੇ ਕਿਸੇ ਵਿਅਕਤੀ ਲਈ ਤੁਹਾਡੇ ਕੋਲ ਦੋ ਚੋਣਾਂ ਹਨ:
ਏ) ਤੁਸੀਂ ਆਪਣੇ ਬੱਚੇ ਦੀ “ਸਟੈਂਡਰਡ” ਰੈਪਰੇਜ਼ਿਨਟੇਸ਼ਨ ਐਗਰੀਮੈਂਟ ਬਣਾਉਣ ਵਿਚ ਮਦਦ ਕਰਨ ਦੇ ਯੋਗ ਹੋ ਸਕਦੇ ਹੋ, ਅਤੇ ਆਪਣੇ ਆਪ ਨੂੰ ਉਸ ਦੇ ਨੁਮਾਇੰਦੇ ਨਿਯੁਕਤ ਕਰਵਾ ਸਕਦੇ ਹੋ; ਜਾਂ
ਬੀ) ਤੁਸੀਂ ਅਦਾਲਤ ਕੋਲ ਅਪਲਾਈ ਕਰ ਸਕਦੇ ਹੋ ਕਿ ਤੁਹਾਨੂੰ ਆਪਣੇ ਬੱਚੇ ਦਾ ਕਾਨੂੰਨੀ ਗਾਰਡੀਅਨ ਜਾਂ “ਕਮੇਟੀ” ਨਿਯੁਕਤ ਕੀਤਾ ਜਾਵੇ।

ਸੌਖਾ ਰਾਹ ਸਟੈਂਡਰਡ ਰੈਪਰੇਜ਼ਿਨਟੇਸ਼ਨ ਐਗਰੀਮੈਂਟ (ਆਮ ਨੁਮਾਇੰਦਗੀ ਦਾ ਇਕਰਾਰਨਾਮਾ) ਹੈ। ਕਾਨੂੰਨੀ ਫੀਸਾਂ ਦਾ ਖਰਚਾ ਦੇ ਕੇ, ਜਾਂ ਘੱਟ ਜੇ ਤੁਸੀਂ ਇਹ ਆਪ ਕਰਦੇ ਹੋ, ਕੋਈ ਬਾਲਗ ਅਜਿਹਾ ਐਗਰੀਮੈਂਟ ਕਰ ਸਕਦਾ ਹੈ ਜਿਹੜਾ ਆਪਣੀ ਪਸੰਦ ਦੇ ਨੁਮਾਇੰਦੇ ਨੂੰ ਇਨ੍ਹਾਂ ਦੇ ਸੰਬੰਧ ਵਿਚ ਆਮ ਫੈਸਲੇ ਕਰਨ ਵਿਚ ਉਸ ਦੀ ਮਦਦ ਕਰਨ ਦਿੰਦਾ ਹੈ: ਨਿੱਜੀ ਸੰਭਾਲ ਵਿਚ; ਇਲਾਜ ਲਈ ਸਹਿਮਤੀ ਦੇਣ ਜਾਂ ਨਾਂਹ ਕਰਨ ਵਿਚ; ਅਤੇ ਆਮ ਮਾਇਕ ਅਤੇ ਕਾਨੂੰਨੀ ਮਾਮਲਿਆਂ ਦੇ ਪ੍ਰਬੰਧ ਵਿਚ।

ਭਾਵੇਂ ਕਿ ਇਸ ਤਾਕਤ ਦਾ ਘੇਰਾ ਵੱਡਾ ਨਹੀਂ ਹੈ ਪਰ ਇਹ ਰੋਜ਼ਮਰਾ ਦੇ ਮਾਮਲਿਆਂ ਨੂੰ ਕਵਰ ਕਰਦੀ ਹੈ। ਰੈਪਰੇਜ਼ਿਨਟੇਸ਼ਨ ਐਗਰੀਮੈਂਟ ਕਰਨ ਲਈ ਕਿਸੇ ਬਾਲਗ ਕੋਲ ਪੂਰੀ ਦਿਮਾਗੀ ਸਮਰੱਥਾ ਹੋਣਾ ਜ਼ਰੂਰੀ ਨਹੀਂ ਹੈ। ਇਕ ਤਰ੍ਹਾਂ ਨਾਲ, ਉਸ ਲਈ ਜਾਂ ਤਾਂ ਐਗਰੀਮੈਂਟ ਦੀ ਕਿਸਮ ਨੂੰ ਸਮਝਣਾ ਜ਼ਰੂਰੀ ਹੈ, ਜਾਂ ਆਪਣੀਆਂ ਇੱਛਾਵਾਂ ਜ਼ਾਹਰ ਕਰਨ ਦੇ ਯੋਗ ਹੋਣਾ ਜ਼ਰੂਰੀ ਹੈ, ਅਤੇ/ਜਾਂ ਆਪਣੇ ਨੁਮਾਇੰਦੇ ਨਾਲ ਭਰੋਸੇ ਵਾਲੇ ਸਬੰਧਾਂ ਵਿਚ ਹੋਣਾ ਜ਼ਰੂਰੀ ਹੈ।

ਕਮੇਟੀ, ਅਦਾਲਤ ਵਲੋਂ ਨਿਯੁਕਤ ਕੀਤਾ ਗਿਆ ਫੈਸਲੇ ਕਰਨ ਵਾਲਾ ਵਿਅਕਤੀ ਹੈ। ਭਾਵੇਂ ਕਿ ਕਮੇਟੀ ਕੋਲ, ਆਮ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਨਾਲ ਜ਼ਿਆਦਾ ਕਾਨੂੰਨੀ ਹੱਕ ਹਨ, ਪਰ ਇਸ ਦਾ ਖਰਚਾ ਜ਼ਿਆਦਾ ਹੈ।

ਪਹਿਲਾ, ਕਮੇਟੀਸ਼ਿਪ ਦੀ ਅਰਜ਼ੀ ਕਾਫੀ ਮਹਿੰਗੀ ਪੈਂਦੀ ਹੈ। ਅਦਾਲਤ ਦੀਆਂ ਅਰਜ਼ੀਆਂ ਮਹਿੰਗੀਆਂ ਹੋ ਸਕਦੀਆਂ ਹਨ, ਖਾਸ ਕਰਕੇ ਜੇ ਪਰਿਵਾਰ ਦੇ ਮੈਂਬਰਾਂ ਦਰਮਿਆਨ ਇਸ ਗੱਲ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਅਸਹਿਮਤੀ ਹੋਵੇ ਕਿ ਕਮੇਟੀ ਲਈ ਨਿਯੁਕਤ ਕੀਤੇ ਜਾਣ ਲਈ ਕਿਹੜਾ ਵਿਅਕਤੀ ਸਭ ਤੋਂ ਜ਼ਿਆਦਾ ਬਿਹਤਰ ਹੈ।

ਦੂਜਾ, ਕਮੇਟੀਸ਼ਿਪ ਦਾ ਵੱਖਰਾ ਨੁਕਸਾਨ ਵੀ ਹੈ, ਕਿਉਂਕਿ ਕਾਰਵਾਈ ਜੱਜ ਤੋਂ ਇਹ ਐਲਾਨ ਕਰਨ ਦੀ ਮੰਗ ਕਰਦੀ ਹੈ ਕਿ ਬਾਲਗ ਦਿਮਾਗੀ ਤੌਰ ’ਤੇ ਅਸਮਰੱਥ ਹੈ, ਇਸ ਕਰਕੇ ਬਾਲਗ ਫੈਸਲੇ ਕਰਨ ਦੀ ਕਾਰਵਾਈ ਵਿਚ ਹੁਣ ਮਦਦ ਨਹੀਂ ਕਰ ਸਕਦਾ।

ਤੀਜਾ, ਕਮੇਟੀ ਦੀ ਨਿਯੁਕਤੀ ਵਿਚ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਦੀ ਸ਼ਮੂਲੀਅਤ ਦੀ ਲੋੜ ਪੈਂਦੀ ਹੈ। ਪੀ ਜੀ ਟੀ ਨੂੰ ਬਾਲਗ ਦੇ ਮਾਇਕ ਰਿਕਾਰਡਾਂ ਨੂੰ ਸਲਾਨਾ ਦੇਖਣਾ ਪੈਂਦਾ ਹੈ, ਅਤੇ ਜੇ ਕਿਸੇ ਭੁੱਲ ਕਾਰਨ, ਅਦਾਲਤ ਵਲੋਂ ਕਮੇਟੀ ਨਿਯੁਕਤ ਕੀਤਾ ਗਿਆ ਵਿਅਕਤੀ ਕਾਰਵਾਈ ਨਹੀਂ ਕਰਦਾ ਤਾਂ ਪੀ ਜੀ ਟੀ ਆਪਣੇ ਆਪ ਚਾਰਜ ਸੰਭਾਲ ਲੈਂਦਾ ਹੈ। ਇਹ ਕੋਈ ਬਹੁਤਾ ਚੰਗਾ ਸੌਦਾ ਨਹੀਂ ਹੈ, ਜੇ ਤੁਸੀਂ ਸਰਕਾਰ ਦੀ ਸ਼ਮੂਲੀਅਤ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹੋਵੋ।

ਸਿੱਟਾ ਇਹ ਹੈ ਕਿ ਜਿੱਥੇ ਕਿਸੇ ਬਾਲਗ ਕੋਲ ਆਪਣੇ ਫੈਸਲੇ ਆਪ ਕਰਨ ਦੀ ਸਮਰੱਥਾ ਹੋਵੇ, ਉੱਥੇ ਉਸ ਦੇ ਆਜ਼ਾਦੀ ਦੇ ਮੌਜੂਦਾ ਪੱਧਰ ਨੂੰ ਯਕੀਨੀ ਬਣਾਉਣ ਲਈ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਇਕ ਕਫਾਇਤੀ ਢੰਗ ਹੋ ਸਕਦਾ ਹੈ। ਘੱਟ ਤੋਂ ਘੱਟ ਦਿਮਾਗੀ ਸਮਰੱਥਾ ਵਾਲੇ ਬਾਲਗ ਲਈ ਅਦਾਲਤ ਵਲੋਂ ਨਿਯੁਕਤ ਕੀਤੀ ਗਈ ਕਮੇਟੀ ਹੀ ਇਕ ਚੋਣ ਹੋ ਸਕਦੀ ਹੈ। ਪਰ, ਇਹ ਅਜਿਹੀ ਚੋਣ ਹੈ ਜਿਸ ਦਾ ਪਿੱਛਾ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਕੀਤਾ ਜਾਣਾ ਚਾਹੀਦਾ ਹੈ।

**ਮਦਦ ਲੈਣਾ**

ਖਰਚਾ ਘਟਾਉਣ ਲਈ ਉਪਰ ਜ਼ਿਕਰ ਕੀਤੇ ਗਏ ਪੇਪਰਾਂ ਦੀ ਲੋੜ ਕਰਕੇ, ਲੋਕ ਅਕਸਰ ਪੁੱਛਦੇ ਹਨ: “ਕੀ ਮੈਂ ਆਪਣੀ ਵਸੀਅਤ/ਰੈਪਰੇਜ਼ਿਨਟੇਸ਼ਨ ਐਗਰੀਮੈਂਟ ਆਪ ਬਣਾ ਸਕਦਾ/ਸਕਦੀ ਹਾਂ?” ਜਾਂ, ਜੇ ਮੈਂ ਇੰਟਰਨੈੱਟ ’ਤੇ ਵਸੀਅਤ ਕਿੱਟ 29 ਡਾਲਰ 95 ਸੈਂਟ ਦੀ ਲੈ ਸਕਦਾ ਹੋਵਾਂ ਤਾਂ ਮੈਂ ਆਪਣੀ ਵਸੀਅਤ ਕਿਸੇ ਹੋਰ ਤੋਂ ਲਿਖਵਾਉਣ ਲਈ ਇਸ ਨਾਲੋਂ ਵੀਹ ਗੁਣਾ ਜ਼ਿਆਦਾ ਰਕਮ ਕਿਉਂ ਦੇਵਾਂ?”

ਵਸੀਅਤ ਬੜੀ ਸੌਖੀ ਦਿਖਾਈ ਦੇ ਸਕਦੀ ਹੈ, ਪਰ ਗਲਤੀਆਂ ਤੁਹਾਡੀ ਜਾਇਦਾਦ ਲਈ ਬਾਅਦ ਵਿਚ ਬਹੁਤ ਮਹਿੰਗੀਆਂ ਪੈ ਸਕਦੀਆਂ ਹਨ। ਤੁਹਾਡੀਆਂ ਇੱਛਾਵਾਂ ਅਤੇ/ਜਾਂ ਮਾਮਲੇ ਜਿੰਨੇ ਜ਼ਿਆਦਾ ਗੁੰਝਲਦਾਰ ਹੋਣਗੇ, ਓਨੇ ਜ਼ਿਆਦਾ ਹੀ ਇਹ ਮੌਕੇ ਹੋਣਗੇ ਕਿ ਆਪਣੀ ਵਸੀਅਤ ਤਿਆਰ ਕਰਨ ਵੇਲੇ ਕੋਈ ਗਲਤੀ ਹੋ ਜਾਵੇਗੀ। ਜਾਇਦਾਦ ਦੀ ਪਲੈਨਿੰਗ ਵਿਚ ਖਾਸ ਗਿਆਨ ਰੱਖਣ ਵਾਲੇ ਕਿਸੇ ਵਿਅਕਤੀ ਦੀ ਮਦਦ ਲੈਣ ਨਾਲ, ਗਲਤੀਆਂ ਦੇ ਮੌਕੇ ਘਟ ਸਕਦੇ ਹਨ। ਕਿਸੇ ਖਾਸ ਹਾਲਤ ਨਾਲ ਸਿੱਝਣ ਵੇਲੇ, ਜਿਵੇਂ ਕਿ ਡਿਸਏਬਿਲਟੀ ਵਾਲਾ ਲਾਭ ਪਾਤਰ, ਗਲਤੀਆਂ ਦੀ ਸੰਭਾਵਨਾ ਵੱਡੀ ਹੁੰਦੀ ਹੈ।

ਕਾਨੂੰਨੀ ਤੌਰ ’ਤੇ ਲਾਗੂ ਹੋਣ ਵਾਲੀ ਵਸੀਅਤ ਬਣਾਉਣ ਦੇ ਨਿਯਮ ਕਾਫੀ ਸੌਖੇ ਹਨ:
ਏ) ਇਹ ਲਿਖਤੀ ਰੂਪ ਵਿਚ ਹੋਣੀ ਜ਼ਰੂਰੀ ਹੈ (ਤੁਸੀਂ ਆਪਣੀਆਂ ਇੱਛਾਵਾਂ ਵੀਡੀਓ ਟੇਪ, ਸੀ ਡੀ, ਜਾਂ ਆਡੀਓ ਟੇਪ ’ਤੇ ਜ਼ਾਹਰ ਨਹੀਂ ਕਰ ਸਕਦੇ);
ਬੀ) ਇਸ ’ਤੇ ਤਾਰੀਕ ਪਾਈ ਹੋਣੀ ਜ਼ਰੂਰੀ ਹੈ; ਅਤੇ
ਸੀ) ਇਸ ’ਤੇ ਤੁਹਾਡੇ ਦਸਖਤ ਹੋਣੇ ਜ਼ਰੂਰੀ ਹਨ ਅਤੇ ਇਸ ਉੱਪਰ ਦੋ ਬਾਲਗ ਗਵਾਹਾਂ ਦੇ ਦਸਖਤ ਹੋਣੇ ਜ਼ਰੂਰੀ ਹਨ ਜਿਹੜੇ ਦਿਮਾਗੀ ਤੌਰ ’ਤੇ ਠੀਕ ਹਨ ਅਤੇ ਜਿਹੜੇ ਲਾਭ ਪਾਤਰ ਨਹੀਂ ਹਨ ਜਾਂ ਲਾਭ ਪਾਤਰਾਂ ਦੇ ਵਿਆਹੁਤਾ ਸਾਥੀ ਨਹੀਂ ਹਨ। ਉਨ੍ਹਾਂ ਲਈ ਫਿਰ ਵਸੀਅਤ ’ਤੇ ਤੁਹਾਡੇ ਸਾਹਮਣੇ ਅਤੇ ਇਕ ਦੂਜੇ ਦੇ ਸਾਹਮਣੇ ਦਸਖਤ ਕਰਨਾ ਜ਼ਰੂਰੀ ਹੈ।

ਮੰਨ ਲਓ ਕਿ ਤੁਸੀਂ ਇਨ੍ਹਾਂ ਗੱਲਾਂ ਵਿੱਚੋਂ ਲੰਘ ਗਏ ਹੋ, ਕੁਝ ਹੋਰ ਨਿਯਮ ਵੀ ਹਨ, ਜਿਨ੍ਹਾਂ ਬਾਰੇ ਜੇ ਸੋਚਿਆ ਜਾਵੇ ਤਾਂ ਉਨ੍ਹਾਂ ਲੋਕਾਂ ਲਈ ਚੀਜ਼ਾਂ ਬਹੁਤ ਹੀ ਔਖੀਆਂ (ਅਤੇ ਮਹਿੰਗੀਆਂ) ਬਣਾ ਸਕਦੇ ਹਨ ਜਿਨ੍ਹਾਂ ਨੂੰ ਤੁਸੀਂ ਪਿੱਛੇ ਛੱਡ ਕੇ ਜਾਂਦੇ ਹੋ। ਵਸੀਅਤ ਤਿਆਰ ਕਰਨ ਵੇਲੇ ਯਾਦ ਰੱਖਣ ਵਾਲੀਆਂ ਕੁਝ ਜ਼ਰੂਰੀ ਚੀਜ਼ਾਂ ਇਹ ਹਨ:

ਏ) **ਪੁਰਾਣੀ ਵਸੀਅਤ ਰੱਦ ਕਰੋ।** ਜੇ ਤੁਸੀਂ ਨਵੀਂ ਵਸੀਅਤ ਲਿਖਦੇ ਹੋ ਜਿਹੜੀ ਹਰ ਚੀਜ਼ ਆਂਟੀ ਸੂਜ਼ੀ ਨੂੰ ਦਿੰਦੀ ਹੈ ਅਤੇ ਜਿਹੜੀ ਵਸੀਅਤ ਤੁਸੀਂ ਪਿਛਲੇ ਸਾਲ ਲਿਖੀ ਸੀ (ਅਤੇ ਜਿਹੜੀ ਰੱਦ ਨਹੀਂ ਕੀਤੀ) ਉਹ ਹਰ ਇਕ ਚੀਜ਼ ਭਰਾ ਮਾਈਕਲ ਨੂੰ ਦਿੰਦੀ ਸੀ ਤਾਂ ਤੁਹਾਡਾ ਸਭ ਕੁਝ ਕੌਣ ਲਿਜਾਵੇਗਾ? ਇਹ ਸਾਧਾਰਣ ਜਿਹੀ ਗਲਤੀ ਅਦਾਲਤ ਵਿਚ ਦੁਰਸਤ ਕਰਨ ਦੀ ਲੋੜ ਪੈ ਸਕਦੀ ਹੈ।

ਬੀ) **ਇਹ ਸੋਚੋ ਕਿ ਜੇ ਵਸੀਅਤ ਵਿਚਲੇ ਵਿਅਕਤੀ ਦੀ ਤੁਹਾਡੇ ਤੋਂ ਪਹਿਲਾਂ ਮੌਤ ਹੋ ਜਾਵੇ ਤਾਂ ਕੀ ਹੋਵੇਗਾ।** ਜੇ ਤੁਹਾਡੀ ਵਸੀਅਤ ਦੇ ਪ੍ਰਬੰਧਕ ਦੀ ਤੁਹਾਡੇ ਤੋਂ ਪਹਿਲਾਂ ਮੌਤ ਹੋ ਜਾਵੇ ਤਾਂ ਕੀ ਹੋਵੇਗਾ? ਕੀ ਤੁਸੀਂ ਕੋਈ ਬਦਲਵਾਂ ਪ੍ਰਬੰਧਕ ਨਿਯੁਕਤ ਕੀਤਾ ਹੈ? ਤੁਹਾਡੇ ਵਲੋਂ ਦਿੱਤੀਆਂ ਗਈਆਂ ਵਿਰਾਸਤਾਂ ਬਾਰੇ ਕੀ ਕਹਿਣਾ ਹੈ? ਜੇ ਤੁਸੀਂ ਹਰ ਇਕ ਚੀਜ਼ ਆਪਣੇ ਇੱਕੋ ਇਕ ਪੁੱਤਰ ਨੂੰ ਛੱਡਦੇ ਹੋ ਅਤੇ ਜੇ ਉਸ ਦੀ ਤੁਹਾਡੇ ਤੋਂ ਪਹਿਲਾਂ ਮੌਤ ਹੋ ਜਾਵੇ ਤਾਂ ਤੁਸੀਂ ਆਪਣੀ ਜਾਇਦਾਦ ਬਾਰੇ ਕੀ ਕਰਨਾ ਚਾਹੁੰਦੇ ਹੋ? ਕੀ ਇਹ ਉਸ ਦੀ ਪਤਨੀ ਨੂੰ ਜਾਵੇਗੀ? ਉਸ ਦੇ ਬੱਚਿਆਂ ਨੂੰ ਜਾਵੇਗੀ? ਕਿਸੇ ਮਨਪਸੰਦ ਦੀ ਚੈਰਿਟੀ ਨੂੰ ਜਾਵੇਗੀ? ਜੇ ਤੁਸੀਂ ਦੱਸਣਾ ਭੁੱਲ ਜਾਵੋ ਤਾਂ ਹੋ ਸਕਦਾ ਤੁਹਾਡੀਆਂ ਇੱਛਾਵਾਂ ਦੀ ਪਾਲਣਾ ਨਾ ਹੋਵੇ।

ਸੀ) **ਲਾਭ ਪਾਤਰ ਦਾ ਸਹੀ ਅਤੇ ਵਿਸਥਾਰ ਵਾਲਾ ਨਾਂ ਲਿਖੋ।** ਸਹੀ ਤਰ੍ਹਾਂ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਤੁਸੀਂ ਆਪਣੀ ਵਿਰਾਸਤ ਕਿੱਥੇ ਜਾਣਾ ਦੇਖਣਾ ਚਾਹੁੰਦੇ ਹੋ। ਉਦਾਹਰਣ ਲਈ, "ਐਨ" ਨੂੰ ਦਿੱਤਾ ਗਿਫਟ ਭੰਬਲਭੂਸੇ ਵਾਲਾ ਹੋ ਸਕਦਾ ਹੈ ਜੇ ਤੁਹਾਡੀਆਂ ਦੋ ਸਹੇਲੀਆਂ ਅਤੇ ਇਕ ਭਰਜਾਈ ਹੋਣ ਜਿਨ੍ਹਾਂ ਦੇ ਨਾਂ ਐਨ ਹਨ। ਇਸੇ ਤਰ੍ਹਾਂ ਵਸੀਅਤ ਵਿਚ ਥੋੜ੍ਹਾ ਚਿਰ ਪਹਿਲਾਂ "ਬੋਆਏ ਸਕਾਊਟਸ ਔਫ ਕੈਨੇਡਾ" ਨੂੰ ਦਿੱਤਾ ਗਿਆ ਇਕ ਗਿਫਟ, ਡਿਸਟਰਿਕਟ ਕੌਂਸਲ, ਸੂਬਾਈ ਦਫਤਰ ਅਤੇ ਨੈਸ਼ਨਲ ਦਫਤਰ ਵਿਚਕਾਰ ਅਦਾਲਤੀ ਲੜਾਈ ਦਾ ਕਾਰਨ ਬਣਿਆ ਜੋ ਕਿ ਸਾਰੇ ਆਪਣੇ ਆਪ ਨੂੰ ਜਾਇਜ਼ ਤੌਰ 'ਤੇ "ਬੋਆਏ ਸਕਾਊਟਸ ਔਫ ਕੈਨੇਡਾ" ਆਖਦੇ ਹਨ ਪਰ ਵੱਖੋ ਵੱਖਰੇ ਕੰਮ ਕਰਦੇ ਹਨ। ਥੋੜ੍ਹਾ ਜਿਹਾ ਹੋਰ ਸਪਸ਼ਟੀਕਰਨ ਇਹ ਪੱਕਾ ਕਰੇਗਾ ਕਿ ਤੁਹਾਡਾ ਗਿਫਟ ਤੇਜ਼ੀ ਨਾਲ ਆਪਣੇ ਨਿਸ਼ਾਨੇ 'ਤੇ ਪਹੁੰਚ ਜਾਵੇ।

ਡੀ) **ਗਿਫਟ ਦੇ ਮੰਤਵ ਬਾਰੇ ਸਪਸ਼ਟ ਦੱਸੋ।** ਜੇ ਗਿਫਟ ਕਿਸੇ ਚੈਰਿਟੀ ਨੂੰ ਦਿੱਤਾ ਜਾ ਰਿਹਾ ਹੈ ਅਤੇ ਕੋਈ ਖਾਸ ਕਿਸਮ ਦਾ ਕੰਮ ਹੈ ਜਿਸ ਦੀ ਤੁਸੀਂ ਮਦਦ ਕਰਨਾ ਚਾਹੁੰਦੇ ਹੋਵੋ ਤਾਂ ਆਪਣੇ ਇਰਾਦੇ ਸਪਸ਼ਟ ਜ਼ਾਹਰ ਕਰਨਾ ਮਹੱਤਵਪੂਰਨ ਹੈ। ਉਦਾਹਰਣ ਲਈ, ਜੇ ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਨੂੰ ਗਿਫਟ ਦੇ ਰਹੇ ਹੋ, ਪਰ ਤੁਸੀਂ ਇਹ ਜ਼ਿਕਰ ਨਹੀਂ ਕੀਤਾ ਕਿ ਤੁਸੀਂ ਚਾਹੁੰਦੇ ਹੋ ਕਿ ਪੈਸੇ ਮਿਰਗੀ ਦੀ ਖੋਜ ਲਈ ਵਰਤੇ ਜਾਣ ਤਾਂ ਇਸ ਚੀਜ਼ ਦੀ ਕੋਈ ਗਾਰੰਟੀ ਨਹੀਂ ਹੈ ਕਿ ਪੈਸੇ ਉਸ ਮੰਤਵ ਲਈ ਵਰਤੇ ਜਾਣਗੇ।

ਈ) **ਇਹ ਸੋਚੋ ਕਿ ਜੇ ਤੁਹਾਡੀ ਮੌਤ ਦੇ ਸਮੇਂ ਜਾਇਦਾਦ ਮੌਜੂਦ ਨਹੀਂ ਹੋਵੇਗੀ ਤਾਂ ਕੀ ਹੋਵੇਗਾ।** ਲੋਕ ਅਕਸਰ ਖਾਸ ਚੀਜ਼ਾਂ ਲੋਕਾਂ ਨੂੰ ਵਿਰਾਸਤ ਵਿਚ ਦਿੰਦੇ ਹਨ, ਜਿਵੇਂ ਕਿ "ਮੇਰੀ 1954 ਦੀ ਬਿਊਕ ਕਾਰ ਮੇਰੀ ਬੱਚੀ ਲੈਸਲੀ ਨੂੰ"। ਜੇ ਆਪਣੀ ਮੌਤ ਤੋਂ ਪਹਿਲਾਂ ਤੁਸੀਂ ਬਿਊਕ ਵੇਚ ਦਿੱਤੀ ਹੋਵੇ ਅਤੇ 1934 ਦੀ ਫੋਰਡ ਲੈ ਲਈ ਹੋਵੇ ਤਾਂ ਕੀ ਹੋਵੇਗਾ? ਕੀ ਹੋਵੇਗਾ ਜੇ ਬਿਊਕ ਵੇਚ ਦਿੱਤੀ ਗਈ ਹੋਵੇ ਅਤੇ ਵਿਕਰੀ ਦੇ ਪੈਸੇ ਟਰਮ ਡਿਪਾਜ਼ਿਟ ਅਕਾਊਂਟ ਵਿਚ ਹੋਣ? ਜੇ ਬਿਊਕ ਟੁੱਟ ਗਈ ਹੋਵੇ ਅਤੇ ਤੁਸੀਂ ਅਜੇ ਨਵੀਂ ਕਾਰ ਨਾ ਲਈ ਹੋਵੇ ਤਾਂ ਕੀ ਹੋਵੇਗਾ? ਆਪਣੇ ਇਰਾਦਿਆਂ ਬਾਰੇ ਸਪਸ਼ਟ ਹੋਣਾ ਜ਼ਰੂਰੀ ਹੈ।

ਐੱਫ) **ਸਹੀ ਭਾਸ਼ਾ ਵਰਤੋ।** ਜਾਇਦਾਦ ਦਾ ਅਸਪਸ਼ਟ ਵੇਰਵਾ, ਭੰਬਲਭੂਸਾ ਪੈਦਾ ਕਰ ਸਕਦਾ ਹੈ ਅਤੇ ਇਸ ਨਾਲ ਵਾਧੂ ਕਾਨੂੰਨੀ ਖਰਚੇ ਆ ਸਕਦੇ ਹਨ। ਉਦਾਹਰਣ ਲਈ, ਆਪਣੇ ਪੋਤੇ ਨੂੰ ਆਪਣੀ "ਮਨਪਸੰਦ ਦੀ ਸੋਨੇ ਦੀ ਘੜੀ" ਦੇਣਾ ਠੀਕ ਕੰਮ ਕਰਦਾ ਹੈ ਜੇ ਤੁਹਾਡੇ ਕੋਲ ਸਿਰਫ ਇਕ ਘੜੀ ਹੋਵੇ। ਪਰ ਜੇ ਤੁਹਾਡੇ ਕੋਲ ਸੋਨੇ ਦੀਆਂ ਪੰਜ ਘੜੀਆਂ ਹੋਣ ਤਾਂ ਭੰਬਲਭੂਸਾ ਪੈਦਾ ਹੋ ਸਕਦਾ ਹੈ। ਇਸੇ ਤਰ੍ਹਾਂ ਜੇ ਕੋਈ ਵਸੀਅਤ "ਆਪਣੀ ਸਾਰੀ ਅਸਲੀ ਪ੍ਰਾਪਰਟੀ ਐਕਸ" ਨੂੰ ਛੱਡਦੀ ਹੋਵੇ, ਅਦਾਲਤ ਵਲੋਂ ਅਯੋਗ ਸਮਝੀ ਜਾਵੇਗੀ ਜੇ ਵਸੀਅਤ ਕਰਨ ਵਾਲੇ ਵਿਅਕਤੀ ਦੀ ਮੌਤ ਵੇਲੇ ਕੋਈ ਪ੍ਰਾਪਰਟੀ ਨਾ ਹੋਵੇ ਅਤੇ ਨਾ ਹੀ ਕਦੇ ਸੀ।

ਜੀ) **ਆਪਣੀ ਵਸੀਅਤ ਦੇ ਪ੍ਰਬੰਧਕ ਜਾਂ ਟਰੱਸਟੀ ਨੂੰ ਪੂਰੀ ਤਾਕਤ ਦਿਉ।** ਉਦਾਹਰਣ ਲਈ, ਆਪਣੀ ਵਸੀਅਤ ਦੇ ਪ੍ਰਬੰਧਕ ਨੂੰ ਪ੍ਰਾਪਰਟੀ ਦੀ ਕੀਮਤ, ਇਨਕਮ ਟੈਕਸ ਐਕਟ ਹੇਠ ਫਾਇਦੇਮੰਦ ਚੋਣਾਂ, ਜਾਂ ਚੀਜ਼ਾਂ ਨੂੰ ਨਗਦੀ ਲਈ ਵੇਚਣ ਦੇ ਫੈਸਲੇ ਕਰਨ ਦਿਉ। ਇਹ ਸ਼ਕਤੀਆਂ, ਤੁਹਾਡੀ ਜਾਇਦਾਦ ਦਾ ਪ੍ਰਬੰਧਕ ਬਣਨ ਦੇ ਕੰਮ ਨੂੰ ਜ਼ਿਆਦਾ ਔਖਾ ਬਣਾ ਸਕਦੀਆਂ ਹਨ।

ਆਪਣੀ ਵਸੀਅਤ ਆਪ ਲਿਖਣ ਵੇਲੇ, ਤੁਸੀਂ ਸ਼ਾਇਦ ਹੋਰ ਚੀਜ਼ਾਂ ਤੋਂ ਜਾਣੂ ਨਾ ਹੋਵੋ, ਜਿਵੇਂ ਕਿ ਟਰੱਸਟ ਜਾਂ ਲਾਈਫ ਇਨਟਰੱਸਟਸ, ਜੋ ਕਿ ਆਪਣੇ ਟੀਚਿਆਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਸ਼ਾਇਦ ਇਨਕਮ ਟੈਕਸ ਦੇ ਉਨ੍ਹਾਂ ਨਿਯਮਾਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਨਾ ਹੋਵੋ ਜਿਹੜੇ ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਵਿਰਾਸਤ 'ਤੇ ਅਸਰ ਪਾ ਸਕਦੇ ਹਨ।

ਆਪਣੀ ਵਸੀਅਤ ਲਿਖਣ ਵਿਚ ਮਦਦ ਲਈ ਕੀ ਤੁਹਾਨੂੰ ਵਕੀਲ ਜਾਂ ਨੋਟਰੀ ਦੀ ਲੋੜ ਹੈ? ਜੇ ਤੁਹਾਡੇ ਵਲੋਂ ਵਸੀਅਤ ਲਿਖਣ ਲਈ ਕੀਤਾ ਗਿਆ ਵਿਅਕਤੀ ਸਿਰਫ ਲਿਖਣ ਵਾਲਾ ਹੀ ਹੈ ਜੋ ਕਿ ਤੁਹਾਡੀਆਂ ਹਿਦਾਇਤਾਂ ਲਿਖ ਦਿੰਦਾ ਹੈ ਤਾਂ ਅੰਤਿਮ ਨਤੀਜਾ ਅਕਸਰ, ਸਟੋਰ ਤੋਂ ਖਰੀਦੀ ਵਸੀਅਤ ਦੀ ਕਿੱਟ ਨਾਲੋਂ ਬਹੁਤਾ ਬਿਹਤਰ ਨਹੀਂ ਹੋਵੇਗਾ।

ਦੂਜੇ ਪਾਸੇ, ਜਿਹੜਾ ਵਕੀਲ ਇਸਟੇਟ ਲਾਅ ਨੂੰ ਸਮਝਦਾ ਹੈ, ਖਾਸ ਕਰਕੇ ਡਿਸਏਬਿਲਟੀ ਨਾਲ ਸੰਬੰਧਿਤ ਮਸਲਿਆਂ ਨੂੰ ਅਤੇ ਜਿਹੜਾ ਤੁਹਾਡੀ ਹਾਲਤ ਨੂੰ ਮਹੱਤਵ ਦਿੰਦਾ ਹੈ, ਉਹ ਗਲਤੀਆਂ ਤੋਂ ਪਰਹੇਜ਼ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ, ਜੋ ਕਿ ਤੁਹਾਡੀ ਮੌਤ ਤੋਂ ਬਾਅਦ ਤੁਹਾਡੇ ਲਾਭ ਪਾਤਰਾਂ ਨੂੰ ਮਹਿੰਗੀਆਂ ਪੈ ਸਕਦੀਆਂ ਹਨ। ਉਹ ਚੰਗੀਆਂ ਗੱਲਾਂ ਦੱਸਣ ਦੇ ਵੀ ਯੋਗ ਹੋ ਸਕਦਾ ਹੈ ਜਿਨ੍ਹਾਂ ਬਾਰੇ ਤੁਸੀਂ ਸ਼ਾਇਦ ਆਪ ਸੋਚਿਆ ਨਾ ਹੋਵੇ, ਜਿਸ ਨਾਲ ਤੁਹਾਨੂੰ ਪ੍ਰੋਬੇਟ ਫੀਸਾਂ, ਟੈਕਸਾਂ ਅਤੇ ਹੋਰ ਸਮੱਸਿਆਵਾਂ ਤੋਂ ਬਚਾਉਣ ਵਿਚ ਮਦਦ ਹੋ ਸਕਦੀ ਹੈ।

ਵਸੀਅਤ ਲਿਖਣ ਦੀ ਮੁੱਖ ਕੁੰਜੀ ਆਪਣੇ ਆਪ ਵਿਚ ਇਹ ਸਪਸ਼ਟ ਹੋਣਾ ਹੈ ਕਿ ਤੁਸੀਂ ਕੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਅਤੇ ਇਹ ਪੱਕਾ ਕਰਨਾ ਹੈ ਕਿ ਉਹ ਇੱਛਾਵਾਂ ਤੁਸੀਂ ਆਪਣੇ ਪਿੱਛੇ ਛੱਡੇ ਲੋਕਾਂ ਨੂੰ ਸਹੀ ਤਰ੍ਹਾਂ ਦੱਸ ਦਿੱਤੀਆਂ ਹਨ।

ਡਿਸਏਬਿਲਟੀ ਵਾਲੇ ਆਪਣੇ ਰਿਸ਼ਤੇਦਾਰ ਲਈ ਜਾਇਦਾਦ ਦੀ ਪਲੈਨਿੰਗ ਬਾਰੇ ਜ਼ਿਆਦਾ ਜਾਣਕਾਰੀ ਲਈ www.trustlawyers.ca 'ਤੇ ਜਾਉ।

2011 ਵਿਚ ਵੰਡਣ ਲਈ ਮਨਜ਼ੂਰ ਕੀਤਾ (ਐੱਚ ਕੇ ਬੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**